**ਪ੍ਰਸ਼ਨ ਬੈਂਕ**
**ਵਿਸ਼ਾ- ਉਸਾਰੀ**
**ਕਲਾਸ- 10th**
**ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ**

# ਬਹੁ ਵਿਕਲਪੀ ਪ੍ਰਸ਼ਨ ਉੱਤਰ

1. ਇੱਟ ਦੀ ਸ਼ਕਲ ਕੀ ਹੈ ।
   a. ਆਇਤਕਾਰ
   b. ਚੌਰਸ
   c. ਤਿਕੋਣਾ
   d. ਗੋਲਾਕਾਰ

2. ਸੀਮਿੰਟ ਮੋਰਟਾਰ (ਮਸਾਲਾ )ਕੀ ਹੈ ।
   a. ਸੀਮਿੰਟ + ਰੇਤ
   b. ਸੀਮਿੰਟ +ਚੂਨਾ
   c. ਸੀਮੇਂਟ + ਪੇਂਟ
   d. ਸੀਮੇਂਟ + ਬਜਰੀ

3. ਉਸ ਯੰਤਰ ਦਾ ਨਾਮ ਦੱਸੋ ਜੋ ਕੰਧ ਨੂੰ ਮਾਪਣ ਲਈ ਵਰਤਿਆ ਜਾਂਦਾ ਹੈ ।
   a. ਪਲੰਬ ਬੌਬ/ ਸਾਹੁਲ
   b. ਸਕੇਲ
   c. ਮਾਪਣ ਟੇਪ
   d. ਕਰਨੀ

4. ਹੇਠਾਂ ਦਿੱਤੇ ਚਿੱਤਰ ਵਿੱਚ ਕਿਸ ਕਿਸਮ ਦਾ ਬਾਂਡ ਦਿਖਾਇਆ ਗਿਆ ਹੈ ।
   a. ਹੈਡਰ ਚਾਲ
   b. ਸਟਰੈਚਰ ਚਾਲ
   c. ਅੰਗਰੇਜ਼ੀ ਚਾਲ
   d. ਇਹਨਾਂ ਵਿੱਚੋਂ ਕੋਈ ਨਹੀਂ

5. DPC ਦਾ ਪੁਰਾ ਰੂਪ ਲਿਖੋ ।
   a. ਡਬਲ ਪਰੂਫ ਕੋਰਸ
   b. ਡਬਲ ਪਰੂਵ ਕੋਰਸ
   c. ਡੈਂਪ ਪਰੂਫ ਕੋਰਸ
   d. ਡੈਂਪ ਪਰੂਵ ਕੋਰਸ

6. ਪੱਥਰ _______ ਪ੍ਰਤੀਰੋਧੀ ਹੈ ।
   a. ਅੱਗ
   b. ਹਵਾ
   c. ਪਾਣੀ
   d. ਮਿਟੀ

7. ਕਿਸ ਚਿਣਾਈ ਵਿੱਚ ਅਨਿਯਮਿਤ ਆਕਾਰ ਦੇ ਪੱਥਰ ਵਰਤੇ ਜਾਂਦੇ ਹਨ ।
   a. ਅੰਗਰੇਜ਼ੀ ਬਾਂਡ
   b. ਸਟ੍ਰੈਚਰ ਬਾਂਡ
   c. ਰਬਲ ਚਿਣਾਈ
   d. ਅਸ਼ਲਰ ਚਿਣਾਈ

8. ਪੱਥਰ ਦੀ ਚਿਣਾਈ ਵਿੱਚ....................ਪੱਥਰ ਦੀ ਵਰਤੋਂ ਹੋਣੀ ਚਾਹੀਦੀ ਹੈ ।
   a. ਮਜ਼ਬੂਤ
   b. ਪਤਲੇ
   c. ਕਮਜ਼ੋਰ
   d. ਸਾਰੇ

9. ਪੱਥਰ ਚਿਣਾਈ ਵਿੱਚ ਸੇਧ ਦੀ ਜਾਂਚ ਕਰਨ ਲਈ.......................ਯੰਤਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ।

a. 

b. 

c. 

d. 

10. ਸਭ ਤੋਂ ਪੁਰਾਣੀ ਵਰਤੀ ਜਾਂਦੀ ਪੈੜ /ਮਚਾਨ ਦਾ ਨਾਮ ਦੱਸੋ ।

**a.** ਸਟੀਲ ਦੀ ਪੈੜ

**b**.ਬਾਂਸ ਦੀ ਪੈੜ

**c.**ਐਲੂਮੀਨੀਅਮ ਦੀ ਪੈੜ

**d.** ਇਨ੍ਹਾਂ ਵਿੱਚੋਂ ਕੋਈ ਨਹੀਂ

11. ਮਸਾਲਾ ਕਿਸ ਦਾ ਮਿਸ਼੍ਰਣ ਹੈ ।

a. ਬਜਰੀ ਅਤੇ ਪਾਣੀ

b. ਰੇਤਾ ਅਤੇ ਬਜਰੀ

c. ਸੀਮਿੰਟ ਅਤੇ ਰੇਤਾ

d. ਸੀਮਿੰਟ ਅਤੇ ਬਜਰੀ

12. ਦੀਵਾਰ ਮਾਪਣ ਲਈ ਕਿਹੜਾ ਔਜਾਰ ਵਰਤਿਆ ਜਾਂਦਾ ਹੈ ।

a.ਧਾਗਾ

b.ਟੇਪ (ਫੀਤਾ )

c.ਸੀਮਿੰਟ ਅਤੇ ਰੇਤਾ

d.ਛੈਣੀ

13.ਚਿਣਾਈ ਵਿਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਜੋੜ ਕਿਹੜਾ ਹੈ ।

a. ਅੰਗਰੇਜ਼ੀ ਚਾਲ
b. ਫਲੈਮਿਸ਼ ਚਾਲ
c. ਹੈਡਰ ਚਾਲ
d. ਸਟਰੈਚਰ ਚਾਲ

14. ਉਸਾਰੀ ਦੇ ਕੰਮ ਵਿੱਚ ਵਰਤਿਆ ਜਾਣ ਵਾਲਾ ਪੱਥਰ _____ਹੁੰਦਾ ਹੈ ।

a. ਸਖਤ
b. ਨਰਮ
c. ਪਤਲਾ
d. ਇਨ੍ਹਾਂ ਵਿੱਚੋਂ ਕੋਈ ਨਹੀਂ

15. ਉਦਯੋਗਿਕ ਖੇਤਰ ਵਿਚ _____ਪੱਥਰ ਵਰਤਿਆ ਜਾਂਦਾ ਹੈ ।

a. ਸੰਗਮਰਮਰ
b. ਸਲੇਟੀ
c. ਗ੍ਰੇਨਾਈਟ ਅਤੇ ਕੰਕਰੀਟ
d. ਡਿਜ਼ਾਈਨਿੰਗ ਵਾਲਾ

16. ਮਸਾਲੇ ਦੀ ਵਰਤੋਂ ਪੱਥਰ ਨੂੰ _____ਸਥਿਤੀ ਤੇ ਰੱਖਣ ਲਈ ਹੁੰਦੀ ਹੈ ।

a. ਟੇਢੀ
b. ਸਹੀ
c. ਹੌਰੀਜ਼ੌਂਟਲ
d. ਵਰਟੀਕਲ

17. ਪੱਥਰ ਸਾਨੂੰ ਕਿਸ ਤੋਂ ਪ੍ਰਾਪਤ ਹੁੰਦੇ ਹਨ ।

a. ਚੱਟਾਨਾਂ
b. ਮਾਰੂਥਲ
c. ਗਲੇਸ਼ੀਅਰ
d. ਉਪਰੋਕਤ ਸਾਰੇ

18. ਅਣਘੜੇ ਅਤੇ ਅਲੱਗ ਅਲੱਗ ਕਾਰ ਤੇ ਪੱਥਰ ਵਰਤੇ ਜਾਂਦੇ ਹਨ ।

a. ਰੱਬਲ ਚਿਣਾਈ
b. ਅਸ਼ਲਰ ਚਿਣਾਈ
c. ਉਪਰੋਕਤ ਸਾਰੇ
d. ਇਨ੍ਹਾਂ ਵਿੱਚੋਂ ਕੋਈ ਨਹੀਂ

19. ਜੋੜਨ ਵਾਲੇ ਮਸਾਲੇ ਦੀ ਮੋਟਾਈ ਕਿੰਨੀ ਹੁੰਦੀ ਹੈ ।

a.10 mm

b.15mm

c.20 mm

d.25 mm

20. ਮਸਾਲਾ ਫੈਲਾਉਣ ਲਈ ਕਿਸ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ ।

a.ਫੀਤਾ

b.ਸ਼ਾਹੁਲ

c.ਕਰਨੀ

d.ਗੁਣੀਆ

21 .ਇਹਨਾਂ ਵਿੱਚੋਂ ਕਿਹੜਾ ਸੰਚਾਰ ਪ੍ਰਕਿਰਿਆ ਚੱਕਰ (communication process cycle) ਵਿੱਚ ਸੰਚਾਰ ਦਾ ਤੱਤ (element) ਨਹੀਂ ਹੈ?

(a) ਚੈਨਲ

(b) ਪ੍ਰਾਪਤ ਕਰਨ ਵਾਲਾ

(c) ਭੇਜਣ ਵਾਲਾ

(d) ਸਮਾਂ

22. ਤੁਸੀਂ ਕੰਮ ਤੋਂ ਛੁੱਟੀ ਲਈ ਅਰਜ਼ੀ ਦੇਣੀ ਹੈ? ਤੁਸੀਂ ਸੰਚਾਰ ਦਾ ਕਿਹੜਾ ਤਰੀਕਾ ਵਰਤੋਗੇ?

(a) ਈ-ਮੇਲ

(b) ਪੋਸਟਰ

(c) ਨਿਊਜ਼ਲੈਟਰ

(d) ਬਲੌਗ

23. ਹੇਠਾਂ ਦਿੱਤੇ ਵਿੱਚੋਂ ਕਿਹੜਾ ਮੌਖਿਕ ਸੰਚਾਰ ਦੀ ਇੱਕ ਉਦਾਹਰਣ ਹੈ?

(a) ਅਖਬਾਰਾਂ

(b) ਅੱਖਰ

(c) ਫ਼ੋਨ ਕਾਲ

(d) ਈ-ਮੇਲ

24. ਤੁਸੀਂ ਕਿਸੇ ਚੀਜ਼ ਦੀ ਕਾਪੀ ਕਰਨ ਲਈ ਕਿਹੜੀਆਂ ਕੀਜ ਵਰਤਦੇ ਹੋ?

(a) Ctrl+x

(b) Ctrl+c

(c) Ctrl+z

(d) Ctrl+y

25. ਮੌਖਿਕ ਸੰਚਾਰ ਲਈ ਸਾਨੂੰ ਕਿਹੜੇ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ?

(a) ਸੰਖੇਪ ਸ਼ਬਦ
(b) ਸਧਾਰਨ
(c) ਤਕਨੀਕੀ
(d) ਮੁਸ਼ਕਿਲ

26. ਅਸੀਂ ਈ-ਮੇਲਾਂ ਦੀ ਵਰਤੋਂ ਕਿਉਂ ਕਰਦੇ ਹਾਂ?

(a) ਸਟੋਰੇਜ
(b) ਦਸਤਾਵੇਜ਼ਾਂ ਅਤੇ ਫਾਈਲਾਂ ਨੂੰ ਸਾਂਝਾ ਕਰਨ ਲਈ।
(c) ਰੀਅਲ-ਟਾਈਮ ਵਿੱਚ ਇੱਕ ਦੂਜੇ ਨਾਲ ਗੱਲ ਕਰਨਾ।
(d) ਕੋਈ ਵੀ ਨਹੀਂ

27. ਇਹਨਾਂ ਵਿੱਚੋਂ ਕਿਹੜਾ ਇੱਕ ਸਕਾਰਾਤਮਕ (ਚੰਗਾ) ਚਿਹਰੇ ਦਾ ਪ੍ਰਗਟਾਵਾ ਹੈ?

(a) ਧਿਆਨ ਕੇਂਦਰਿਤ ਕਰਦੇ ਹੋਏ ਝੁਕਣਾ
(b) ਅੱਖਾਂ ਦਾ ਸੰਪਰਕ ਬਣਾਈ ਰੱਖਣਾ
(c) ਲਗਾਤਾਰ ਮੁਸਕਰਾਉਣਾ
(d) ਆਪਣੀਆਂ ਅੱਖਾਂ ਨੂੰ ਘੁਮਾਉਣਾ

28. ਇੱਕ ਫਾਈਲ ਨੂੰ ਪੇਸਟ ਕਰਨ ਲਈ ਹੇਠਾਂ ਦਿੱਤੀਆਂ ਸ਼ਾਰਟਕੱਟ ਕੀਜ ਵਿੱਚੋਂ ਕਿਹੜੀ ਇੱਕ ਦੀ ਵਰਤੋਂ ਕੀਤੀ ਜਾਂਦੀ ਹੈ?

(a) Ctrl + c
(b) Ctrl + p
(c) Ctrl + v
(d) Ctrl + x

29. ਕੀ ਹੁੰਦਾ ਹੈ ਜੇਕਰ ਤੁਸੀਂ ਕਿਸੇ ਡਿਵਾਈਸ ਨੂੰ 100% ਚਾਰਜ ਕੀਤੇ ਜਾਣ ਤੋਂ ਬਾਅਦ ਵੀ ਪਲੱਗ ਇਨ ਛੱਡ ਦਿੰਦੇ ਹੋ?

(a) ਇਹ ਟੁੱਟ ਸਕਦਾ ਹੈ।
(b) ਇਹ ਕੰਮ ਕਰਨਾ ਬੰਦ ਕਰ ਸਕਦਾ ਹੈ।
(c) ਇਹ ਜ਼ਿਆਦਾ ਗਰਮ ਹੋ ਸਕਦਾ ਹੈ।
(d) ਡੇਟਾ ਖਰਾਬ ਹੋ ਸਕਦਾ ਹੈ।

30. ਊਰਜਾ ਦੇ ਹੇਠਲੇ ਸਰੋਤਾਂ ਵਿੱਚੋਂ ਕਿਹੜਾ ਇੱਕ ਨਵਿਆਉਣਯੋਗ ਸਰੋਤ (renewable source) ਤੋਂ ਹੈ?

(a) ਸੂਰਜੀ ਊਰਜਾ
(b) ਲੱਕੜ
(c) ਕੋਲਾ
(d) ਪੈਟਰੋਲ

# ਮਿਲਾਨ ਕਰੋ

| | |
|---|---|
| 31. RCC | ਪੱਥਰ ਦਾ ਅਸਮਾਨ ਆਕਾਰ |
| 32. ਰਬਲ ਚਿਣਾਈ | ਸਟਰੈਚਰ ਚਾਲ |
| 33. ਅੰਗਰੇਜ਼ੀ ਚਾਲ | ਇੱਕ ਰਦਾ ਹੈਡਰ ਅਤੇ ਇੱਕ ਸਟਰੈਚਰ |
| 34. ਗ੍ਰੇਨਾਈਟ ਪੱਥਰ ਦਾ ਰੰਗ | Damp proof course |
| 35. DPC | ਕਾਲਾ ਹਰਾ |
| 36. ਸੀਮਿੰਟ ਦੇ ਥੈਲੇ ਦਾ ਭਾਰ | ਸੀਮਿੰਟ + ਰੇਤ +ਬੱਜਰੀ |
| 37. ਕੰਕਰੀਟ | 50 kg |
| 38. IPS | 10% |
| 39. ਕੁੱਲ ਲਾਗਤ ਦਾ ਠੇਕੇਦਾਰ ਦਾ ਲਾਭ | Indian patent stone |
| 40. 1 meter | 12 inch |
| 41. 1 foot | 100 cm |
| 43. ਫੀਤਾ | ਮਸਾਲਾ ਫੈਲਾਉਣ ਲਈ |
| 45. ਕਾਂਡੀ | ਲੰਬਾਈ ਮਾਪਣ ਲਈ |
| 46. ਸੰਗਮਰਮਰ | ਇੱਟ ਚਿਣਾਈ |
| 47. ਅੰਗਰੇਜ਼ੀ ਚਾਲ | ਚਿੱਟਾ |
| 48. ਇੱਟ ਦਾ ਆਕਾਰ | ਅਸ਼ਲਰ ਚਿਣਾਈ |
| 49. ਘੜੇ ਹੋਏ ਪੱਥਰਾਂ ਦੀ ਚਿਣਾਈ | 19x9x9 |
| 50. ਪੱਥਰ ਦੀ ਪ੍ਰਾਪਤੀ | ਨਦੀ ਦਰਿਆ |
| 51. ਪਲੱਸਤਰ ਲਈ ਰੇਤਾ ਮਿਲਦਾ ਹੈ | ਚੱਟਾਨਾਂ ਤੋਂ |
| 52. Ctrl + c | ਪੇਸਟ |
| 53. Ctrl + p | ਕਾਪੀ |
| 54. Ctrl + v | ਪ੍ਰਿੰਟ |
| 55. Ctrl + x | ਕੱਟ |
| 56. Ctrl + z | ਰੀਡੂ |
| 57. ਸੌਫਟ ਵੇਅਰ | ਕੀ ਬੋਰਡ |
| 58. ਹਾਰਡ ਵੇਅਰ | ਜ਼ੁਬਾਨੀ /ਗੈਰ ਜ਼ੁਬਾਨੀ |
| 59. ਕੀਜ (KEYS) | ਪਾਵਰ ਪੁਆਇੰਟ |
| 60. ਸੰਚਾਰ | CPU |
| 61. PPT | MS ਐਕਸਲ |

# ਖਾਲੀ ਥਾਵਾਂ ਭਰੋ

62. ਕਾਲਮ ਫਰੇਮਵਰਕ ਨੂੰ ਹਟਾਉਣ ਦਾ ਅਧਿਕਤਮ ਸਮਾਂ _____ਘੰਟੇ ਹੈ । (24/12)
63. ਅਸ਼ਲਰ ਚਿਣਾਈ ਪੱਥਰ ਦੀ _____ ਗੁਣਵੱਤਾ ਵਾਲੀ ਚਿਣਾਈ ਹੈ । (ਉਚ/ ਨਿਮਨ)
64. ਫੀਤੇ ਦਾ ਕੰਮ ਦੀਵਾਰ ਦੀ ______ਮਾਪਣ ਲਈ ਕੀਤਾ ਜਾਂਦਾ ਹੈ। (ਲੰਬਾਈ/ ਮੋਟਾਈ )
65. ਇੱਟ ਦਾ ਆਕਾਰ ________ਹੁੰਦਾ ਹੈ । (ਆਇਤਾਕਾਰ /ਗੋਲ )
66. ਚੰਗੀ ਇੱਟ ਆਪਣੇ ਭਾਰ ਦਾ ______ਪ੍ਰਤੀਸ਼ਤ ਪਾਣੀ ਸੋਖਦੀ ਹੈ । (20/40)
67. _________ਚਿਣਾਈ ਵਿਚ ਵਧੀਆ ਅਤੇ ਇੱਕੋ ਸਮਾਨ ਦੇ ਪੱਥਰ ਵਰਤੇ ਜਾਂਦੇ ਹਨ । (ਰੱਬਲ /ਅਸ਼ਲਰ )
68. ਇੱਟਾਂ ਨੂੰ ਤੋੜਨ ਲਈ ____ ਦੀ ਵਰਤੋਂ ਕੀਤੀ ਜਾਂਦੀ ਹੈ। (ਫੀਤਾ/ ਹਥੌੜੀ )
69. ਨੀਂਹ ____ਤਰ੍ਹਾਂ ਦੀ ਹੁੰਦੀ ਹੈ । (ਚਾਰ /ਦੋ )
70. ਮਸਾਲਾ ______ ਦਾ ਮਿਸ਼ਰਣ ਹੈ । (ਸੀਮਿੰਟ, ਰੇਤਾ, ਪਾਣੀ/ ਸੀਮਿੰਟ ,ਪਾਣੀ )
71. _____ਚਾਲ ਚਿਣਾਈ ਵਿਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਚਾਲ ਹੈ। (ਫਲੈਮਿਸ਼/ ਅੰਗਰੇਜ਼ੀ )
72.ਛੱਤ ਪਾਉਣ ਲਈ ਘੱਟੋ ਘੱਟ ________ਅਨੁਪਾਤ ਦਾ ਕੰਕਰੀਟ ਵਰਤਿਆ ਜਾਂਦਾ ਹੈ । (1:8:10/1:2:4)
73. ਪੱਥਰ ਕੁਦਰਤ _____ਮਾਤਰਾ ਵਿਚ ਮੌਜੂਦ ਹਨ । (ਸੀਮਿਤ/ ਭਰਪੂਰ )
73. ________ਇਕ ਇਮਾਰਤੀ ਸਮੱਗਰੀ ਹੈ ਜਿਸਦੀ ਵਰਤੋਂ ਕੰਧਾਂ ਬਣਾਉਣ ਲਈ ਕੀਤੀ ਜਾਂਦੀ ਹੈ। (ਲੋਹਾ / ਇੱਟ )
74. ਅੱਧੀ ਇੱਟ ਨੂੰ _____ਵਜੋਂ ਜਾਣਿਆ ਜਾਂਦਾ ਹੈ । (ਬੈਤ/ਕਿੰਗ ਕਲੋਜ਼ਰ )
75. ਸ਼ਟਰਿੰਗ ਢਾਂਚੇ ਨੂੰ ਦਿੱਤਾ ਜਾਣ ਵਾਲਾ ______ਸਮਰਥਨ ਹੈ । (ਸਥਾਈ/ ਅਸਥਾਈ)
76. ਵਾਸ਼ਲ ਇੱਕ ਪਤਲੀ _____ ਹੈ । (ਪਤਲੀ /ਮੋਟੀ )
77. _______ਸਕੈਫੋਲਡਿੰਗ ਸਭ ਤੋਂ ਪੁਰਾਣੀ ਸਕੈਫੋਲਡਿੰਗ ਹੈ। (ਸਟੀਲ /ਬਾਂਸ )
78.ਕੰਕਰੀਟ ਅਤੇ ਮਸਾਲੇ ਨੂੰ ਬਣਾਉਣ ਲਈ _______ਦੀ ਵਰਤੋਂ ਕੀਤੀ ਜਾਂਦੀ ਹੈ । (ਸੀਮਿੰਟ/ ਇੱਟ )
79. ਦੀਵਾਰ ਵਾਲੀ ਟਾਈਲ ਲਗਾਉਣ ਲਈ ਮਸਾਲੇ ਦਾ ਅਨੁਪਾਤ _____ਹੁੰਦਾ ਹੈ। (1:8/1:3)
80. ਡਬਲ ਪੈੜ ਵਿੱਚ_____ ਕਤਾਰਾਂ ਹੁੰਦੀਆਂ ਹਨ। (2/5)
81. ਬੋਲਣਾ__________ ਦਾ ਸਭ ਤੋਂ ਪ੍ਰਭਾਵਸ਼ਾਲੀ ਆਮ ਢੰਗ ਹੈ। (ਪ੍ਰਬੰਧ / ਸੰਚਾਰ )
82. ਸੰਚਾਰ ਚੱਕਰ ਦਾ ____________ ਅੰਤਿਮ ਪੜਾਅ ਹੈ। (ਸੈਂਡਰ / ਫੀਡਬੈਕ )
83. ਇੱਕ ਫਾਈਲ ਨੂੰ ਪੇਸਟ ਕਰਨ ਲਈ ______ਸ਼ਾਰਟਕੱਟ ਕੀਜ ਦੀ ਵਰਤੋਂ ਕੀਤੀ ਜਾਂਦੀ ਹੈ।( Ctrl + P / Ctrl + V )
84. ਮਾਊਸ ਇੱਕ ____________ ਉਪਕਰਨ ਹੈ। (ਇਨਪੁੱਟ / ਆਊਟਪੁੱਟ )
85.ਕੀ-ਬੋਰਡ ਇੱਕ _______________ਇਨਪੁੱਟ ਉਪਕਰਨ ਹੈ। (ਇਨਪੁੱਟ/ਆਊਟਪੁੱਟ )
86.ਕਿਸੇ ਫਾਈਲ ਨੂੰ ਪ੍ਰਿੰਟ ਕਰਨ ਲਈ ________ ਸ਼ਾਰਟਕੱਟ ਕੀਜ (KEYS) ਦੀ ਵਰਤੋਂ ਕੀਤੀ ਜਾਂਦੀ ਹੈ।( Ctrl + V /Ctrl + P )
87.ਐਮ. ਐਸ. ਐਸਕੈਲ ਫਾਇਲ ਦਾ____________ਐਕਸਟੈਂਸ਼ਨ ਹੁੰਦਾ ਹੈ। (.xlsx /.jpg)
88. ਐਮ .ਐਸ. ਪਾਵਰ ਪੁਆਇੰਟ ਫਾਇਲ ਦਾ_________ ਐਕਸਟੈਂਸ਼ਨ ਹੁੰਦਾ ਹੈ । (.xlsx/.pptx)
89. ________________ਤੁਹਾਡੇ ਅੰਦਰਲੀ ਸ਼ਕਤੀ ਹੈ ਜੋ ਤੁਹਾਨੂੰ ਚੀਜ਼ਾਂ ਕਰਨ ਲਈ ਪ੍ਰੇਰਿਤ ਕਰਦੀ ਹੈ। (ਸਵੈ-ਪ੍ਰੇਰਣਾ/ਸਵੈ-ਕਲਪਨਾ )
90. ਸਹੀ ਸਮਾਂ ਪ੍ਰਬੰਧਨ ਸਭ ਤੋਂ ਪ੍ਰਭਾਵਸ਼ਾਲੀ। .................. ਤਕਨੀਕਾਂ ਵਿੱਚੋਂ ਇੱਕ ਹੈ। (ਸਵੈ ਪ੍ਰਬੰਧਨ /ਤਣਾਅ-ਮੁਕਤ )

# ਸਹੀ/ ਗ਼ਲਤ

91.ਚਿਣਾਈ ਵਿੱਚ, ਸੀਮਿੰਟ ਦੀ ਵਰਤੋਂ ਬਾਈਂਡਰ ਵਜੋਂ ਕੀਤੀ ਜਾਂਦੀ ਹੈ। (ਸਹੀ /ਗ਼ਲਤ)
92. ਪੱਥਰ ਕੁਦਰਤ ਵਿੱਚ ਭਰਪੂਰ ਮਾਤਰਾ ਵਿੱਚ ਉਪਲਬਧ ਹੁੰਦੇ ਹਨ। (ਸਹੀ /ਗ਼ਲਤ)
93. ਪੱਥਰਾਂ ਨੂੰ ਜੋੜਨ ਲਈ ਮੋਰਟਾਰ/ ਮਸਾਲਾ ਦੀ ਲੋੜ ਹੁੰਦੀ ਹੈ। (ਸਹੀ /ਗ਼ਲਤ)
94. ਮੋਰਟਾਰ/ ਮਸਾਲਾ ਸਿਰਫ਼ ਸੀਮਿੰਟ ਅਤੇ ਪਾਣੀ ਨੂੰ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। (ਸਹੀ /ਗ਼ਲਤ)
95. ਮਸਾਲਾ ਸੀਮਿੰਟ ਅਤੇ ਰੇਤ ਦਾ ਮਿਸ਼੍ਰਣ ਹੈ । (ਸਹੀ /ਗ਼ਲਤ)
96. ਸੀਮਿੰਟ ਚੂਨੇ ਦੀ ਮਸਾਲਾ ਵਿੱਚ ਸੀਮਿੰਟ ਦੇ ਇੱਕ ਹਿੱਸੇ ਨੂੰ ਚੂਨੇ ਨਾਲ ਬਦਲ ਦਿੱਤਾ ਜਾਂਦਾ ਹੈ। (ਸਹੀ /ਗ਼ਲਤ)
97. ਦਰਵਾਜ਼ੇ ਜਾਂ ਖਿੜਕੀ ਦੇ ਖੁੱਲਣ ਦੀ ਹੇਠਲੀ ਸਤਹ ਨੂੰ ਕੋਰਬੇਲ ਕਿਹਾ ਜਾਂਦਾ ਹੈ। (ਸਹੀ /ਗ਼ਲਤ)
98. ਇੱਕ ਪੱਥਰ ਜਿਸਨੂੰ ਛੱਤ ਦੇ ਟਰੱਸ, ਬੀਮ ਅਤੇ ਮੌਸਮ ਦੇ ਸ਼ੈੱਡਾਂ ਲਈ ਸਪੋਰਟ ਨੂੰ ਸਿਲ ਕਿਹਾ ਜਾਂਦਾ ਹੈ। (ਸਹੀ /ਗ਼ਲਤ)
99.ਪੱਥਰਾਂ ਦੇ ਅਨਿਯਮਿਤ ਆਕਾਰ ਦੀ ਰਬਲ ਚਿਣਾਈ ਵਿੱਚ ਵਰਤੇ ਜਾਂਦੇ ਹਨ। (ਸਹੀ /ਗ਼ਲਤ)
100. ਅਸ਼ਲਰ ਚਿਣਾਈ ਪੱਥਰ ਦੀ ਚਿਣਾਈ ਦੀ ਉੱਤਮ ਗੁਣਵੱਤਾ ਹੈ।(ਸਹੀ /ਗ਼ਲਤ)
101. ਅਸ਼ਲਰ ਚਿਣਾਈ ਇਕਸਾਰ ਅਤੇ ਬਹੁਤ ਹੀ ਬਰੀਕ ਜੋੜਾਂ ਵਾਲੇ ਸਹੀ ਕੱਪੜੇ ਵਾਲੇ ਪੱਥਰਾਂ ਤੋਂ ਬਣਾਈ ਗਈ ਹੈ।(ਸਹੀ /ਗ਼ਲਤ)
102. ਬੱਟ ਜੋੜ ਦੀ ਵਰਤੋਂ ਪੱਥਰ ਦੀ ਚਿਣਾਈ ਵਿੱਚ ਨਹੀਂ ਕੀਤੀ ਜਾਂਦੀ ਹੈ।(ਸਹੀ /ਗ਼ਲਤ)
103. ਮਸਾਲਾ ਅਨੁਪਾਤ 1:8 ਪੱਥਰ ਦੀ ਚਿਣਾਈ ਵਿੱਚ ਨਹੀਂ ਵਰਤਿਆ ਜਾਂਦਾ ਹੈ।(ਸਹੀ /ਗ਼ਲਤ)
104.ਮਾਪਣ ਦੀ ਕਿਸਮ ਲੰਬਾਈ ਨੂੰ ਮਾਪਣ ਦੇ ਉਦੇਸ਼ ਲਈ ਵਰਤੀ ਜਾਂਦੀ ਹੈ।(ਸਹੀ /ਗ਼ਲਤ)
105 ਚਿਣਾਈ ਵਿੱਚ ਵਰਤੀ ਜਾਂਦੀ ਮੁੱਖ ਸਮੱਗਰੀ ਇੱਟ ਹਨ।(ਸਹੀ /ਗ਼ਲਤ)
106.ਇੱਕ ਇੱਟ ਇਮਾਰਤੀ ਸਮੱਗਰੀ ਹੈ ਜਿਸਦੀ ਵਰਤੋਂ ਕੰਧਾਂ ਬਣਾਉਣ ਲਈ ਕੀਤੀ ਜਾਂਦੀ ਹੈ।(ਸਹੀ /ਗ਼ਲਤ)
109.ਇੱਟਾਂ ਦਾ ਮਿਆਰੀ ਆਕਾਰ 19x9x9 ਸੈਂਟੀਮੀਟਰ ਹੁੰਦਾ ਹੈ।(ਸਹੀ /ਗ਼ਲਤ)
110.ਇੱਟਾਂ ਦੀ ਕਠੋਰਤਾ ਅਤੇ ਟਿਕਾਊਤਾ ਲਈ ਜਾਂਚ ਨਹੀਂ ਕੀਤੀ ਜਾਣੀ ਚਾਹੀਦੀ, ਇਸ ਤੋਂ ਪਹਿਲਾਂ ਕਿ ਉਹ ਚਿਣਾਈ ਕਰਨ ਲਈ ਵਰਤੀਆਂ ਜਾਣ।(ਸਹੀ /ਗ਼ਲਤ)
111. ਐਮ. ਐਸ. ਐਕਸਲ ਫਾਇਲ ਦਾ .xlsx ਐਕਸਟੈਂਸ਼ਨ ਹੁੰਦਾ ਹੈ । (ਸਹੀ /ਗ਼ਲਤ)
112. ਐਮ. ਐਸ. ਪਾਵਰ ਪੁਆਇੰਟ ਫਾਇਲ ਦਾ .pp ਐਕਸਟੈਂਸ਼ਨ ਹੁੰਦਾ ਹੈ । (ਸਹੀ /ਗ਼ਲਤ)
113. ਸੰਚਾਰ ਤੋਂ ਭਾਵ ਆਪਸ ਵਿੱਚ ਗੱਲਬਾਤ ਕਰਨਾ।(ਸਹੀ /ਗ਼ਲਤ)
114. ਸੰਚਾਰ ਵਿੱਚ ਫੀਡਬੈਕ ਕੋਈ ਜਰੂਰੀ ਹਿੱਸਾ ਨਹੀਂ।(ਸਹੀ /ਗ਼ਲਤ)
115. ਸਹੀ ਸਮਾਂ ਪ੍ਰਬੰਧਨ ਸਭ ਤੋਂ ਪ੍ਰਭਾਵਸ਼ਾਲੀ ਤਣਾਅ-ਮੁਕਤ ਤਕਨੀਕਾਂ ਵਿੱਚੋਂ ਇੱਕ ਹੈ।(ਸਹੀ /ਗ਼ਲਤ)
116. ਵਿਦਿਆਰਥੀਆਂ ਲਈ ਸਿਹਤਮੰਦ ਜੀਵਨ ਸ਼ੈਲੀ ਜ਼ਰੂਰੀ ਹੈ।(ਸਹੀ /ਗ਼ਲਤ)
117. ਇੱਕ ਸਿਹਤਮੰਦ ਖੁਰਾਕ ਲੈਣ ਨਾਲ ਤੁਹਾਨੂੰ ਤਣਾਅ ਘਟਾਉਣ ਵਿੱਚ ਕੋਈ ਵੀ ਮਦਦ ਨਹੀਂ ਮਿਲੇਗੀ। (ਸਹੀ /ਗ਼ਲਤ)
118. ਸਵੈ-ਪ੍ਰੇਰਣਾ ਤੁਹਾਡੇ ਅੰਦਰਲੀ ਸ਼ਕਤੀ ਹੈ ਜੋ ਤੁਹਾਨੂੰ ਚੀਜ਼ਾਂ ਕਰਨ ਲਈ ਪ੍ਰੇਰਿਤ ਕਰਦੀ ਹੈ।(ਸਹੀ /ਗ਼ਲਤ)
119. ਸਵੈ-ਰੁਜ਼ਗਾਰ ਵਾਲੇ ਲੋਕ ਉਹ ਹੁੰਦੇ ਹਨ ਜੋ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਰੋਬਾਰ ਸ਼ੁਰੂ ਕਰਦੇ ਹਨ।(ਸਹੀ /ਗ਼ਲਤ)

120. ਇਸ਼ਾਰੇ ਜ਼ੁਬਾਨੀ ਸੰਚਾਰ ਦਾ ਇੱਕ ਹਿੱਸਾ ਹੈ। (ਸਹੀ /ਗ਼ਲਤ)

## ਤਿੰਨ ਅੰਕਾਂ ਵਾਲੇ ਪ੍ਰਸ਼ਨ

121. ਪੱਥਰ ਚਿਣਾਈ ਵਿਚ ਵਰਤੇ ਜਾਣ ਵਾਲੇ ਔਜ਼ਾਰਾਂ ਦੇ ਨਾਮ ਲਿਖੋ ।
122.ਪੱਥਰ ਦੀ ਘੜਾਈ /ਡਰੈਸਿੰਗ ਤੋਂ ਕੀ ਭਾਵ ਹੈ ।
123.ਪੱਥਰਾਂ ਦੀ ਚਿਣਾਈ ਤੋਂ ਕੀ ਭਾਵ ਹੈ ।
124. ਪੱਥਰ ਚਿਣਾਈ ਦੇ ਕਿਸਮਾਂ ਲਿਖੋ ।
125. Through Stone ਕੀ ਹੈ ।
126. ਰੱਦਾ ਕੀ ਹੈ ।
127. ਰੱਬਲ ਚਿਣਾਈ ਕੀ ਹੈ ।
128. ਅਸ਼ਲਰ ਚਿਣਾਈ ਕੀ ਹੈ ।
129. ਵੱਖ ਵੱਖ ਤਰ੍ਹਾਂ ਦੇ ਜੋੜਾਂ ਦੇ ਨਾਮ ਦੱਸੋ ।
130. ਇੱਟ ਕੀ ਹੈ ।
131. ਹੈਡਰ ਕੀ ਹੈ ।
132. ਸਟਰੈਚਰ ਕੀ ਹੈ ।
133. ਇੱਟ ਦਾ ਆਕਾਰ ਲਿਖੋ ।
134. ਇੱਕ ਦਿਨ ਵਿੱਚ ਕਿੰਨੀ ਉਚਾਈ ਤੱਕ ਚਿਣਾਈ ਕੀਤੀ ਜਾ ਸਕਦੀ ਹੈ ।
135. ਮੋਰਟਾਰ ਤੋਂ ਕੀ ਭਾਵ ਹੈ ।
136. ਪੱਥਰ ਵਿੱਚ ਮਸਾਲੇ ਦੇ ਜੋੜ ਦੀ ਮੋਟਾਈ ਕਿੰਨੀ ਹੁੰਦੀ ਹੈ ।
138.ਵਾਟਰਪਰੂਫ਼ਿੰਗ ਤੋਂ ਕੀ ਭਾਵ ਹੈ ।
139. ਪੀ.ਸੀ.ਸੀ (PCC)ਦਾ ਪੂਰਾ ਨਾਮ ਲਿਖੋ ।
140. ਆਰ.ਸੀ.ਸੀ (RCC)ਦਾ ਪੂਰਾ ਨਾਮ ਲਿਖੋ ।
141. ਪੈੜ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ ।
142. ਪੈੜ ਦੇ ਕਿਹੜੇ ਕਿਹੜੇ ਭਾਗ ਹੁੰਦੇ ਹਨ ।
143. ਸਭ ਤੋਂ ਮਜ਼ਬੂਤ ਪੈੜ ਕਿਹੜੀ ਹੁੰਦੀ ਹੈ ।
144. ਸਟੀਲ ਪੈਡ ਵਿਚ ਪਾਈਪਾਂ ਨੂੰ ਆਪਸ ਵਿੱਚ ਕਿਸ ਤਰ੍ਹਾਂ ਜੋੜਿਆ ਜਾਂਦਾ ਹੈ ।
145. ਕੰਕਰੀਟ ਤੋਂ ਕੀ ਭਾਵ ਹੈ ।
146. ਸ਼ਟਰਿੰਗ ਲਈ ਵਰਤੀ ਜਾਣ ਵਾਲੀ ਲੱਕੜ ਵਿੱਚ ਕਿੰਨੇ ਪ੍ਰਤੀਸ਼ਤ ਨਮੀ ਹੋਣੀ ਚਾਹੀਦੀ ਹੈ ।
147. ICT ਦਾ ਪੂਰਾ ਨਾਮ ਲਿਖੋ ।
148. ਜ਼ੁਬਾਨੀ ਸੰਚਾਰ ਤੋਂ ਕੀ ਭਾਵ ਹੈ ।
149. ਸੰਚਾਰ ਪ੍ਰਕਿਰਿਆ ਦੇ ਕਿਹੜੇ ਤੱਤ ਹਨ, ਨਾਮ ਲਿਖੋ ।
150. ਫੀਡ ਬੈਕ ਤੋਂ ਕੀ ਭਾਵ ਹੈ ।
151. ਜ਼ੁਬਾਨੀ ਸੰਚਾਰ ਦਾ ਕੋਈ ਉਦਾਹਰਣ ਲਿਖ਼ੋ ।

152. ਫੀਡ ਬੈਕ ਦੀਆਂ ਕੋਈ ਦੋ ਮਹੱਤਤਾ ਲਿਖੋ ।
153. ਤਣਾਵ ਕੀ ਹੈ ।
154. ਸਵੈ -ਪ੍ਰਬੰਧਨ ਤੋਂ ਕੀ ਭਾਵ ਹੈ ।
155. ਤਣਾਅ -ਪ੍ਰਬੰਧਨ ਤੁਹਾਡੀ ਕਿਵੇਂ ਮਦਦ ਕਰਦਾ ਹੈ ।
156. ਕੋਈ ਦੋ ਇਨਪੁੱਟ ਡਿਵਾਇਸ ਦੇ ਨਾਮ ਲਿਖੋ ।
157. ਕੰਪਿਊਟਰ ਹਾਰਡਵੇਅਰ ਤੋਂ ਕੀ ਭਾਵ ਹੈ ।
158. ਪ੍ਰਭਾਵਸ਼ਾਲੀ ਸੰਚਾਰ ਰੁਕਾਵਟਾਂ ਕਿਹੜੀਆਂ ਹਨ , ਕੋਈ ਦੋ ਲਿਖੋ ।
159. (ENTER) ਬਟਨ ਦਾ ਕੀ ਕੰਮ ਹੈ ।

## ਚਾਰ ਅੰਕਾਂ ਵਾਲੇ ਪ੍ਰਸ਼ਨ

160. ਪੈੜ ਤਿਆਰ ਕਰਨਾ ਜਾਂ ਲਗਾਉਣਾ ਕੀ ਹੈ ।
161.ਰਬਲ ਅਤੇ ਅਸ਼ਲਰ ਚਿਣਾਈ ਵਿੱਚ ਅੰਤਰ ਦੱਸੋ ।
162. ਪੱਥਰ ਚਿਣਾਈ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਦੇ ਨਾਮ ਲਿਖੋ ।
163. ਇੱਟ ਚਿਣਾਈ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਬਾਰੇ ਵਰਣਨ ਕਰੋ ।
164. ਪੱਥਰ ਚਿਣਾਈ ਵਿੱਚ ਵਰਤੇ ਜਾਣ ਵਾਲੇ ਆਮ ਸਿਧਾਂਤਾਂ ਬਾਰੇ ਲਿਖੋ ।
165. ਚੰਗੇ ਪੱਥਰ ਦੇ ਗੁਣ ਲਿਖੋ ।
166. ਪੱਥਰ ਦੇ ਵੱਖ ਵੱਖ ਉਪਯੋਗ ਬਾਰੇ ਲਿਖੋ ।
167. ਮਸਾਲਾ ਕੀ ਹੈ ਵੱਖ ਵੱਖ ਕਿਸਮ ਦੇ ਮਸਾਲੇ ਬਾਰੇ ਲਿਖੋ ।
168. ਦੀਵਾਰ ਦੀ ਚਿਣਾਈ ਕਿਵੇਂ ਕੀਤੀ ਜਾਂਦੀ ਹੈ ।
169. ਸਿੰਗਲ ਪੈਡ ਅਤੇ ਡਬਲ ਬੈਂਡ ਵਿੱਚ ਅੰਤਰ ਦੱਸੋ ।
170. ਫਰਸ਼ ਕੀ ਹੈ ।
171. ਹੈਂਡਰ ਚਾਲ ਕੀ ਹੈ ।
172. ਸਟਰੈਚਰ ਸਾਲ ਕੀ ਹੈ ।
173. ਕਿੰਗ ਕਲੋਜ਼ਰ ਬਾਰੇ ਲਿਖੋ ।
174. ਪੱਥਰ ਦੀ ਘੜਾਈ /ਡਰੈਸਿੰਗ ਤੋਂ ਕੀ ਭਾਵ ਹੈ ਅਤੇ ਇਸ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਬਾਰੇ ਲਿਖੋ ।
175. ਅੰਗਰੇਜ਼ੀ ਅਤੇ ਫਲੈਮਿਸ਼ ਚਾਲ ਵਿੱਚ ਅੰਤਰ ਦੱਸੋ ।
176. ਸ਼ਟਰਿੰਗ ਤੋਂ ਕੀ ਭਾਵ ਹੈ ।
177. ਸ਼ਟਰਿੰਗ ਦੀਆਂ ਕਿਸਮਾਂ ਦੱਸੋ ।
178. ਇੱਟਾਂ ਨੂੰ ਕਿਵੇਂ ਪਰਖਿਆ ਜਾਂਦਾ ਹੈ ।
179. ਫਰਸ਼ ਕੀ ਹੁੰਦਾ ਹੈ ?ਫਰਸ਼ ਕਿਵੇਂ ਤਿਆਰ ਕੀਤਾ ਜਾਂਦਾ ਹੈ ।
180. ਸਾਹੁਲ ਦੇ ਉਪਯੋਗ ਬਾਰੇ ਦੱਸੋ ।
181. ਕਰਨੀ ਦੇ ਉਪਯੋਗ ਬਾਰੇ ਦੱਸੋ ।
182. ਸੀਮਿੰਟ ਕੰਕਰੀਟ ਫਰਸ਼ ਤੋਂ ਕੀ ਭਾਵ ਹੈ ।
184. ਪੈੜ ਵਿੱਚ ਵਰਤੇ ਜਾਣ ਵਾਲੇ ਔਜ਼ਾਰਾਂ ਦੇ ਨਾਮ ਲਿਖੋ ।

185. ਕੰਪਿਊਟਰ ਸਾਫਟਵੇਅਰ ਤੋਂ ਕੀ ਭਾਵ ਹੈ ।
186. ਕੀ -ਬੋਰਡ ਦੀਆਂ ਕੋਈ ਦੋ ਫੰਕਸ਼ਨ ਕੀ (function key)ਦੇ ਨਾਮ ਲਿਖੋ ।
187. ਕਿਸੇ ਫਾਈਲ ਨੂੰ ਕਾਪੀ ਕਰਨ ਲਈ ਕਿਹੜੀ ਸ਼ਾਰਟਕੱਟ ਕਮਾਂਡ ਦੀ ਵਰਤੋਂ ਕੀਤੀ ਜਾਂਦੀ ਹੈ ।
188. ਕਿਸੇ ਫਾਈਲ ਨੂੰ ਪੇਸਟ ਕਰਨ ਲਈ ਕਿਹੜੀ ਕਮਾਂਡ ਦੀ ਵਰਤੋਂ ਕੀਤੀ ਜਾਂਦੀ ਹੈ ।
189. ਨੋਟ ਪੈਡ ਫਾਈਲ ਲਈ ਕਿਹੜਾ ਫਾਈਲ ਐਕਸਟੈਂਸ਼ਨ ਹੁੰਦਾ ਹੈ ।
190. ਕੰਪਿਊਟਰ ਸੌਫਟਵੇਅਰ ਦੀ ਅੰਦਰੂਨੀ ਸਫਾਈ ਕਿਵੇਂ ਹੁੰਦੀ ਹੈ ।
191. ਸਥਿਰ ਵਿਕਾਸ ਕੀ ਹੈ ।
193. ਸਥਿਰ ਵਿਕਾਸ ਵਿੱਚ ਸਾਡੀ ਕੀ ਮਹੱਤਤਾ ਹੈ ਦੋ ਲਾਈਨਾਂ ਵਿੱਚ ਲਿਖੋ ।
194. ਕੰਪਿਊਟਰ ਦੀ ਦੇਖਭਾਲ ਕਿਉਂ ਜ਼ਰੂਰੀ ਹੈ ।
195. ਉੱਦਮਤਾ (entrepreneurship)ਕੀ ਹੈ ।
196. ਉੱਦਮਤਾ (entrepreneurship)ਦੀ ਕੀ ਭੂਮਿਕਾ ਹੈ ।
197. ਸੰਚਾਰ ਦੇ ਮਹੱਤਵਪੂਰਨ ਅੰਗ ਕਿਹੜੇ ਹਨ ।
198. ਜ਼ੁਬਾਨੀ ਸੰਚਾਰ ਦੇ ਕੀ ਨੁਕਸਾਨ ਹਨ ।
199. ਜ਼ੁਬਾਨੀ ਸੰਚਾਰ ਕਰਦੇ ਹੋਏ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ,ਕੋਈ ਦੋ ਦੱਸੋ ।
200. ਤਾਕਤ ਅਤੇ ਕਮਜ਼ੋਰੀ ਕੀ ਹੈ ।